# ਸੈਕੰਡਰੀ ਸਕੂਲਾਂ ਦੇ ਸਥਾਨਾਂ ਦੀ ਵੰਡ (SSPA) ਪ੍ਰਣਾਲੀ 2024

# ਅਕਸਰ ਪੁੱਛੇ ਜਾਣ ਵਾਲੇ ਸਵਾਲ

## SSPA ਦੇ ਨਤੀਜਿਆਂ ਦਾ ਪ੍ਰਕਾਸ਼ਨ

**(1) Q ਜੇ ਮਾਪੇ / ਸਰਪ੍ਰਸਤ ਸਕੂਲਾਂ ਵਿੱਚ ਵਾਪਸ ਨਹੀਂ ਆ ਸਕਦੇ ਅਤੇ ਵੰਡ ਦੇ ਨਤੀਜੇ ਜਾਰੀ ਹੋਣ ਵਾਲੇ ਦਿਨ (ਭਾਵ 9 ਜੁਲਾਈ 2024) ਨੂੰ ਵੰਡ ਦੇ ਨਤੀਜੇ ਇਕੱਤਰ ਨਹੀਂ ਕਰ ਸਕਦੇ ਜਾਂ 11 ਜੁਲਾਈ ਅਤੇ 12 ਜੁਲਾਈ ਨੂੰ ਨਿਰਧਾਰਤ ਸਕੂਲਾਂ ਵਿੱਚ ਰਜਿਸਟਰ ਹੋ ਸਕਦੇ ਹਨ, ਤਾਂ ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ?**

**A** (a) ਜੇ ਮਾਪੇ / ਸਰਪ੍ਰਸਤ ਸਕੂਲ ਵਾਪਸ ਨਹੀਂ ਆ ਸਕਦੇ ਅਤੇ ਅਲਾਟਮੈਂਟ ਦੇ ਨਤੀਜੇ ਇਕੱਤਰ ਕਰ ਸਕਦੇ ਹਨ ਅਤੇ ਰਜਿਸਟਰਡ ਪ੍ਰਕਿਰਿਆ ਨੂੰ ਵਿਅਕਤੀਗਤ ਤੌਰ 'ਤੇ ਨਿਰਧਾਰਤ ਸਕੂਲਾਂ ਨਾਲ ਪੂਰਾ ਕਰਦੇ ਹਨ, ਤਾਂ ਉਨ੍ਹਾਂ ਨੂੰ ਆਪਣੇ ਬੱਚੇ ਦੇ ਪ੍ਰਾਇਮਰੀ ਸਕੂਲ ਦੇ ਸਕੂਲ ਮੁਖੀ ਤੋਂ ਪ੍ਰਤੀਨਿਧੀ ਲਈ ਉਨ੍ਹਾਂ ਲਈ ਕੰਮ ਕਰਨ ਲਈ ਲਿਖਤੀ ਅਧਿਕਾਰ ਪ੍ਰਾਪਤ ਕਰਨਾ ਚਾਹੀਦਾ ਹੈ। ਵੇਰਵਿਆਂ ਲਈ, ਕਿਰਪਾ ਕਰਕੇ ਸਬੰਧਤ ਪ੍ਰਾਇਮਰੀ ਸਕੂਲ ਨਾਲ ਸੰਪਰਕ ਕਰੋ। ਅਲਾਟਮੈਂਟ ਨਤੀਜਾ ਜਾਰੀ ਹੋਣ ਵਾਲੇ ਦਿਨ, ਅਧਿਕਾਰਤ ਵਿਅਕਤੀ ਨੂੰ ਪ੍ਰਾਇਮਰੀ ਸਕੂਲ ਤੋਂ ਸਬੰਧਤ ਵਿਦਿਆਰਥੀ ਦੇ ਸੈਕੰਡਰੀ 1 ਦੇ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਲਈ ਦਾਖਲਾ ਪਰਚੀ ਅਤੇ ਪ੍ਰਮਾਣ ਪੱਤਰ ਦਾ ਮੂਲ ਇਕੱਤਰ ਕਰਨ ਲਈ ਵਿਅਕਤੀਗਤ ਤੌਰ 'ਤੇ ਆਪਣੇ ਪਛਾਣ ਦਸਤਾਵੇਜ਼ ਪੇਸ਼ ਕਰਨੇ ਚਾਹੀਦੇ ਹਨ, ਤਾਂ ਜੋ ਸਬੰਧਤ ਦਸਤਾਵੇਜ਼ਾਂ ਨਾਲ ਨਿਰਧਾਰਤ ਤਰੀਕਾਂ 'ਤੇ ਰਜਿਸਟ੍ਰੇਸ਼ਨ ਪ੍ਰਕਿਰਿਆਵਾਂ ਨਿਰਧਾਰਤ ਮਿਤੀ ਤੇ ਪੂਰੀ ਹੋਣ। ਨਹੀਂ ਤਾਂ, ਨਿਰਧਾਰਤ ਸੈਕੰਡਰੀ 1 (S1) ਜਗ੍ਹਾ ਰਿਜ਼ਰਵ ਨਹੀਂ ਕੀਤੀ ਜਾਏਗੀ।

(b) ਜੇਕਰ ਮਾਪੇ / ਸਰਪ੍ਰਸਤ ਨਿਰਧਾਰਿਤ ਸਕੂਲ ਨਾਲ ਸਮੇਂ ਦੀ ਮਿਆਦ ਦੇ ਅੰਦਰ ਵਿਅਕਤੀਗਤ ਤੌਰ 'ਤੇ ਜਾਂ ਪ੍ਰਤੀਨਿਧੀ ਦੁਆਰਾ ਰਜਿਸਟਰ ਕਰਨ ਵਿੱਚ ਅਸਲ ਸਮੱਸਿਆਵਾਂ ਹੋ ਰਹੀਆਂ ਹਨ, ਤਾਂ ਉਨ੍ਹਾਂ ਨੂੰ ਸਬੰਧਤ ਸਕੂਲ ਜਾਂ ਸਿੱਖਿਆ ਬਿਊਰੋ (EDB) ਦੇ ਸਕੂਲ ਦੇ ਸਥਾਨਾਂ ਦੀ ਵੰਡ (SPA) ਸੈਕਸ਼ਨ ਨੂੰ ਰਜਿਸਟ੍ਰੇਸ਼ਨ ਦੀ ਮਿਆਦ ਪੁੱਗਣ ਤੋਂ ਪਹਿਲਾਂ ਸੂਚਿਤ ਕਰਨਾ ਚਾਹੀਦਾ ਹੈ, ਤਾਂ ਜੋ ਰਜਿਸਟ੍ਰੇਸ਼ਨ ਲਈ ਬਦਲਵੇਂ ਪ੍ਰਬੰਧ ਕੀਤੇ ਜਾ ਸਕਣ। ਅਜਿਹਾ ਕਰਨ ਵਿੱਚ ਅਸਫਲ ਹੋਣ ਦਾ ਮਤਲਬ ਉਹਨਾਂ ਨੇ ਨਿਰਧਾਰਿਤ ਸਥਾਨ ਦਾ ਤਿਆਗ ਕਰਨਾ ਚੁਣਿਆ ਹੈ।

**(2) Q ਜੇਕਰ ਰਜਿਸਟ੍ਰੇਸ਼ਨ ਦੀ ਮਿਆਦ ਤੋਂ ਪਹਿਲਾਂ ਵਿਦਿਆਰਥੀ ਆਪਣੇ ਵੰਡ ਦੇ ਦਸਤਾਵੇਜ਼ ਗੁਆ ਦਿੰਦੇ ਹਨ, ਤਾਂ ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ?**

**A** ਜੇਕਰ ਰਜਿਸਟ੍ਰੇਸ਼ਨ ਦੀ ਮਿਆਦ ਤੋਂ ਪਹਿਲਾਂ ਵਿਦਿਆਰਥੀ ਆਪਣੇ ਵੰਡ ਦੇ ਦਸਤਾਵੇਜ਼ ਗੁਆ ਦਿੰਦੇ ਹਨ, ਤਾਂ ਉਨ੍ਹਾਂ ਨੂੰ ਜਿੰਨੀ ਜਲਦੀ ਹੋ ਸਕੇ ਇਸ ਦੇ ਬਦਲਣ ਲਈ ਅਰਜ਼ੀ ਦੇਣੀ ਚਾਹੀਦੀ ਹੈ। ਵਿਦਿਆਰਥੀ ਜਾਂ ਉਨ੍ਹਾਂ ਦੇ ਅਧਿਕਾਰਤ ਪ੍ਰਤੀਨਿਧੀ ਨੂੰ ਦਫਤਰੀ ਸਮੇਂ ਦੌਰਾਨ (ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8:30 ਵਜੇ ਤੋਂ ਦੁਪਹਿਰ 1:00 ਵਜੇ ਤੱਕ ਅਤੇ ਦੁਪਹਿਰ 2:00 ਵਜੇ ਤੋਂ ਸ਼ਾਮ 6:00 ਵਜੇ ਤੱਕ; ਸ਼ਨੀਵਾਰ, ਐਤਵਾਰ ਅਤੇ ਜਨਤਕ ਛੁੱਟੀ ਤੇ ਬੰਦ ਹੁੰਦਾ ਹੈ)।ਵਿਦਿਆਰਥੀਆਂ ਦੇ ਪਹਿਚਾਣ ਦਸਤਾਵੇਜ਼ਾਂ ਅਤੇ ਪ੍ਰਾਇਮਰੀ ਸਕੂਲ ਦੇ ਦਸਤਾਵੇਜ਼ਾਂ (ਜਿਵੇਂ ਕਿ ਸਕੂਲੀ ਰਿਪੋਰਟਾਂ ਜਾਂ Primary 6 Student Record Forms) ਨਾਲ ਲੈ ਕੇ ਆਉਣ ਅਤੇ EDB ਦੇ SPA ਸੈਕਸ਼ਨ ਵਿੱਚ ਬਦਲਣ ਦੀ ਪ੍ਰਕਿਰਿਆ ਪੂਰੀ ਕਰਨ (ਪਤਾ: Podium Floor, West Block, Education Bureau Kowloon Tong Education Services Centre, 19 Suffolk Road, Kowloon Tong, Kowloon) । ਸਰਕਾਰੀ ਹਸਤਾਖਰ ਫੀਸ HK$125 ਹੈ। ਜੇਕਰ ਵਿਦਿਆਰਥੀ ਰਜਿਸਟ੍ਰੇਸ਼ਨ ਦੀ ਮਿਆਦ ਦੇ ਅੰਦਰ ਆਪਣੇ ਵੰਡ ਦੇ ਦਸਤਾਵੇਜ਼ ਖੋ ਦਿੰਦੇ ਹਨ, ਤਾਂ ਉਨ੍ਹਾਂ ਨੂੰ ਜਿੰਨੀ ਜਲਦੀ ਹੋ ਸਕੇ, 2832 7740 ਜਾਂ 2832 7700 'ਤੇ EDB ਦੇ SPA ਸੈਕਸ਼ਨ ਨਾਲ ਸੰਪਰਕ ਕਰਨਾ ਚਾਹੀਦਾ ਹੈ।

**(3) Q ਜੇਕਰ ਮਾਪੇ ਆਪਣੇ ਬੱਚਿਆਂ ਨੂੰ ਵੰਡ ਦੇ ਨਤੀਜਿਆਂ ਦੇ ਪ੍ਰਕਾਸ਼ਨ ਤੋਂ ਬਾਅਦ ਕਿਸੇ ਹੋਰ ਸਕੂਲ ਵਿੱਚ ਦਾਖਿਲੇ ਦੇ ਲਈ ਆਵੇਦਨ ਕਰਨਾ ਚਾਹੁੰਦੇ ਹਨ ਜਾਂ ਉਨ੍ਹਾਂ ਦੇ ਬੱਚਿਆਂ ਨੂੰ ਰਜਿਸਟ੍ਰੇਸ਼ਨ ਤੋਂ ਬਾਅਦ ਕਿਸੇ ਹੋਰ ਸਕੂਲ ਦੁਆਰਾ ਦਾਖਿਲਾ ਦਿੱਤਾ ਜਾਂਦਾ ਹੈ, ਤਾਂ ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ?**

**A** ਮਾਪੇ ਕਈ ਕਾਰਨਾਂ ਕਰਕੇ ਆਪਣੇ ਬੱਚਿਆਂ ਲਈ ਦੂਜੇ ਸਕੂਲਾਂ ਵਿੱਚ ਆਵੇਦਨ ਦੀ ਮੰਗ ਕਰ ਸਕਦੇ ਹਨ। ਇਸ ਮਾਮਲੇ ਵਿੱਚ, ਮਾਪੇ ਸਿੱਧਾ ਸਕੂਲਾਂ ਵਿੱਚ ਅਪਲਾਈ ਕਰ ਸਕਦੇ ਹਨ ਪਰ ਉਨ੍ਹਾਂ ਦੇ ਬੱਚਿਆਂ ਨੂੰ ਦਾਖਿਲਾ ਦਿੱਤਾ ਜਾਵੇਗਾ ਇਹ ਉਨ੍ਹਾਂ ਦੇ ਸੰਬੰਧਿਤ ਸਕੂਲਾਂ 'ਤੇ ਨਿਰਭਰ ਕਰਦਾ ਹੈ। ਮਾਪਿਆਂ ਨੂੰ ਨੋਟ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਦੇ ਬੱਚਿਆਂ ਨੂੰ ਕਿਸੇ ਹੋਰ ਸਕੂਲ ਦੁਆਰਾ ਦਾਖਿਲ ਕੀਤੇ ਜਾਣ ਤੋਂ ਪਹਿਲਾਂ, ਮਾਪਿਆਂ ਨੂੰ ਨਿਸ਼ਚਿਤ ਰਜਿਸਟ੍ਰੇਸ਼ਨ ਮਿਆਦ ਦੇ ਅੰਦਰ ਵੰਡ ਕੀਤੇ ਸਕੂਲ ਨਾਲ ਰਜਿਸਟਰ ਹੋਣਾ ਚਾਹੀਦਾ ਹੈ। ਅਜਿਹਾ ਹੋਣ ਦੀ ਅਸਫ਼ਲਤਾ ਵਿੱਚ ਵੰਡੇ ਗਏ ਸਥਾਨ ਨੂੰ ਛੱਡਣ ਵਜੋਂ ਮੰਨਿਆ ਜਾਵੇਗਾ।

ਜੇ ਕਿਸੇ ਵਿਦਿਆਰਥੀ ਨੂੰ ਕਿਸੇ ਹੋਰ ਸਕੂਲ ਦੁਆਰਾ ਦਾਖਿਲਾ ਦਿੱਤਾ ਜਾਂਦਾ ਹੈ, ਤਾਂ ਉਸ ਨੂੰ ਨਿਰਧਾਰਿਤ ਕੀਤੇ ਸਕੂਲ ਜਿਸ ਨਾਲ ਉਸ ਨੇ ਰਜਿਸਟਰ ਕੀਤਾ ਹੈ, ਤੋਂ ਸਕੂਲ ਦਾਖਲਾ ਪਰਚੀ ਵਾਪਿਸ ਲੈਣੀ ਹੋਵੇਗੀ 'ਤੇ ਜਿਸ ਸਕੂਲ ਵਿੱਚ ਟ੍ਰਾਂਸਫਰ ਕੀਤਾ ਜਾਣਾ ਹੈ ਉੱਥੇ ਜਮ੍ਹਾਂ ਕਰਵਾਉਣੀ ਪਵੇਗੀ। ਇੱਕ ਵਾਰ ਵਿਦਿਆਰਥੀ ਦੁਆਰਾ ਨਿਰਧਾਰਿਤ ਕੀਤੇ ਸਕੂਲ ਤੋਂ ਦਾਖਲਾ ਪਰਚੀ ਲੈਣ ਤੋਂ ਬਾਅਦ, ਨਿਰਧਾਰਿਤ ਸਕੂਲ ਰਜਿਸਟ੍ਰੇਸ਼ਨ ਨੂੰ ਰੱਦ ਕਰ ਦੇਵੇਗਾ ਅਤੇ ਨਿਰਧਾਰਿਤ S1 ਸਥਾਨ ਉਸ ਲਈ ਰਾਖਵਾਂ ਨਹੀਂ ਹੋਵੇਗਾ।

**(4) Q ਕੀ ਕਿਸੇ ਵਿਦਿਆਰਥੀ ਨੂੰ ਹੋਰ ਜ਼ਿਲ੍ਹੇ ਦਾ ਸਕੂਲ ਨਿਰਧਾਰਿਤ ਕੀਤਾ ਜਾਵੇਗਾ?**

**A** ਇੱਕ ਵਿਦਿਆਰਥੀ ਨੂੰ ਹੇਠ ਲਿਖੀਆਂ ਸਥਿਤੀਆਂ ਦੇ ਤਹਿਤ ਦੂਜੇ ਜ਼ਿਲ੍ਹਿਆਂ ਵਿੱਚ ਸਕੂਲ ਦਾ ਸਥਾਨ ਨਿਰਧਾਰਿਤ ਕੀਤਾ ਜਾਵੇਗਾ:

(a) ਵਿਦਿਆਰਥੀ ਨੂੰ ਕਿਸੇ ਹੋਰ ਜ਼ਿਲ੍ਹੇ ਵਿੱਚ ਕਿਸੇ ਸਕੂਲ ਦੁਆਰਾ ਅਖਤਿਆਰੀ ਸਥਾਨ (DP) ਦੇ ਪੜਾਅ 'ਤੇ ਦਾਖਿਲ ਕੀਤਾ ਜਾ ਸਕਦਾ ਹੈ;

(b) ਵਿਦਿਆਰਥੀ ਨੂੰ ਕੇਂਦਰੀ ਵੰਡ (CA) ਪੜਾਅ 'ਤੇ ਭਾਗ A ਦੇ "ਅਸੀਮਿਤ ਸਕੂਲ ਚੋਣਾਂ" ਤਹਿਤ ਕਿਸੇ ਹੋਰ ਜ਼ਿਲ੍ਹੇ ਵਿੱਚ ਇੱਕ ਸਕੂਲ ਦਾ ਸਥਾਨ ਨਿਰਧਾਰਿਤ ਕੀਤਾ ਜਾ ਸਕਦਾ ਹੈ। ਜਾਂ

(c) ਹਰੇਕ ਸਕੂਲੀ ਨੈੱਟ ਵਿੱਚ ਜ਼ਿਲ੍ਹੇ ਦੇ ਸਾਰੇ ਸੈਕੰਡਰੀ ਸਕੂਲ ਅਤੇ ਹੋਰ ਜ਼ਿਲ੍ਹਿਆਂ ਦੇ ਕਈ ਸਕੂਲ ਸ਼ਾਮਿਲ ਹੁੰਦੇ ਹਨ ਜਿਨ੍ਹਾਂ ਵਿੱਚੋਂ ਮਾਪਿਆਂ ਨੇ ਚੋਣ ਕਰਨੀ ਹੁੰਦੀ ਹੈ। ਵਿਦਿਆਰਥਿਆਂ ਨੂੰ ਕਿਸੇ ਹੋਰ ਜ਼ਿਲ੍ਹੇ ਵਿੱਚ ਇੱਕ ਸੈਕੰਡਰੀ ਸਕੂਲ ਨਿਰਧਾਰਿਤ ਕੀਤਾ ਜਾ ਸਕਦਾ ਹੈ ਜੋ ਉਸ ਨੂੰ ਉਸਦੇ ਸਕੂਲ ਨੈੱਟ ਲਈ ਸਕੂਲ ਸਥਾਨ ਪ੍ਰਦਾਨ ਕਰਦਾ ਹੈ।

**(5) Q ਕੀ ਵਿਦਿਆਰਥੀਆਂ ਨੂੰ ਸਕੂਲ ਫਾਰਮ (Choice Form) ਦੇ ਸੈਕੰਡਰੀ ਵਨ ਚੋਣ ਵਿੱਚ ਚੁਣੇ ਗਏ ਸਕੂਲਾਂ ਤੋਂ ਇਲਾਵਾ ਕੋਈ ਹੋਰ ਸਕੂਲ ਵੀ ਨਿਰਧਾਰਿਤ ਕੀਤਾ ਜਾ ਸਕਦਾ ਹੈ?**

**A** Choice Form ਦੇ ਭਾਗ A "ਅਸੀਮਿਤ ਸਕੂਲ ਚੋਣਾਂ" ਨੂੰ ਪੂਰਾ ਕਰਦੇ ਸਮੇਂ ਮਾਪੇ ਕਿਸੇ ਵੀ ਸਕੂਲੀ ਨੈੱਟ ਤੋਂ ਵੱਧ ਤੋਂ ਵੱਧ ਤਿੰਨ ਸੈਕੰਡਰੀ ਸਕੂਲਾਂ ਦੀ ਚੋਣ ਕਰ ਸਕਦੇ ਹਨ, ਜਦੋਂ ਭਾਗ B "ਸੀਮਿਤ ਸਕੂਲ ਚੋਣਾਂ" ਨੂੰ ਪੂਰਾ ਕਰਦੇ ਸਮੇਂ, ਮਾਪੇ ਸਕੂਲੀ ਨੈੱਟ ਤੋਂ ਵੱਧ ਤੋਂ ਵੱਧ 30 ਸਕੂਲਾਂ ਨੂੰ ਚੁਣ ਸਕਦੇ ਹਨ ਜਿਨ੍ਹਾਂ ਨਾਲ ਉਨ੍ਹਾਂ ਦਾ ਬੱਚਾ ਸੰਬੰਧਿਤ ਹੈ।

ਵੰਡ ਪ੍ਰਕਿਰਿਆ ਵਿੱਚ, ਭਾਗ A ਵਿੱਚ ਪਹਿਲਾਂ "ਅਸੀਮਿਤ ਸਕੂਲ ਚੋਣਾਂ" 'ਤੇ ਪ੍ਰਕਿਰਿਆ ਕੀਤੀ ਜਾਵੇਗੀ। ਭਾਗ A ਵਿੱਚ ਸਕੂਲ ਦਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਭਾਗ B ਵਿੱਚ "ਸੀਮਿਤ ਸਕੂਲ ਚੋਣਾਂ" ਵਿੱਚ ਸਥਾਨ ਨਿਰਧਾਰਿਤ ਨਹੀਂ ਕੀਤਾ ਜਾਵੇਗਾ। ਜੇਕਰ ਕਿਸੇ ਵਿਦਿਆਰਥੀ ਨੂੰ ਉਸਦੀਆਂ ਭਾਗ A ਦੀਆਂ ਸਾਰੀਆਂ ਚੋਣਾਂ ਖਤਮ ਹੋਣ ਤੋਂ ਬਾਅਦ ਸਕੂਲ ਦਾ ਸਥਾਨ ਨਿਰਧਾਰਿਤ ਨਹੀਂ ਜਾਂਦਾ, ਤਾਂ ਉਸ ਨੂੰ ਭਾਗ B ਵਿੱਚ ਸਕੂਲ ਦਾ ਸਥਾਨ ਨਿਰਧਾਰਿਤ ਕੀਤਾ ਜਾਵੇਗਾ।

ਭਾਗ B ਵਿੱਚ ਸੀਮਿਤ ਸਕੂਲ ਚੋਣਾਂ 'ਤੇ ਪ੍ਰਕਿਰਿਆ ਕਰਦੇ ਸਮੇਂ, ਕੰਪਿਊਟਰ ਪਹਿਲਾਂ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਐਲੋਕੇਸ਼ਨ ਬੈਂਡ, ਸਕੂਲ ਦੀਆਂ ਚੋਣਾਂ ਅਤੇ ਬੇਤਰਤੀਬ ਨੰਬਰ ਅਨੁਸਾਰ ਸਕੂਲ ਦੇ ਸਥਾਨਾਂ ਨੂੰ ਨਿਰਧਾਰਿਤ ਕਰੇਗਾ। ਜੇਕਰ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਸਾਰੀਆਂ ਸਕੂਲ ਚੋਣਾਂ ਦੇ ਖਤਮ ਹੋਣ ਤੋਂ ਬਾਅਦ ਵੀ ਸਕੂਲ ਦਾ ਸਥਾਨ ਨਿਰਧਾਰਿਤ ਨਹੀਂ ਕੀਤਾ ਜਾਂਦਾ, ਤਾਂ ਕੰਪਿਊਟਰ ਉਨ੍ਹਾਂ ਨੂੰ ਸੈਕੰਡਰੀ ਸਕੂਲਾਂ[1] ਦੇ ਬਾਕੀ ਬਚੇ ਸਥਾਨਾਂ ਤੋਂ ਸਕੂਲ ਨੈੱਟ ਵਿੱਚ ਜਗ੍ਹਾ ਨਿਰਧਾਰਤ ਕਰੇਗਾ । ਦੂਜੇ ਸ਼ਬਦਾਂ ਵਿੱਚ, ਮਾਪਿਆਂ ਦੁਆਰਾ ਜਿੰਨੀਆਂ ਵਧੇਰੇ ਸਕੂਲ ਦੀਆਂ ਚੋਣਾਂ ਭਰੀਆਂ ਜਾਣਗੀਆਂ, ਬੱਚਿਆਂ ਕੋਲ ਚੁਣੇ ਗਏ ਸਕੂਲ ਦਾ ਸਥਾਨ ਨਿਰਧਾਰਿਤ ਹੋਣ ਦੇ ਜ਼ਿਆਦਾ ਮੌਕੇ ਹੋਣਗੇ। ਇਸ ਦੇ ਉਲਟ, ਜੇਕਰ ਮਾਪੇ ਕੁਝ ਸਕੂਲਾਂ ਜਾਂ ਪ੍ਰਸਿੱਧ ਸਕੂਲਾਂ ਦੀ ਚੋਣ ਕਰਦੇ ਹਨ, ਤਾਂ ਉਨ੍ਹਾਂ ਦੇ ਬੱਚਿਆਂ ਨੂੰ ਉਨ੍ਹਾਂ ਦੇ ਸਕੂਲ ਚੋਣਾਂ ਤੋਂ ਬਾਹਰ ਇੱਕ ਸੈਕੰਡਰੀ ਸਕੂਲ ਦੇ ਸਥਾਨ ਦੇ ਨਿਰਧਾਰਿਤ ਹੋਣ ਦੀ ਸੰਭਾਵਨਾ ਵਧੇਰੇ ਹੁੰਦੀ ਹੈ।

[1] ਡਾਇਰੈਕਟ ਸਬਸਿਡੀ ਯੋਜਨਾ ਦੇ ਸਕੂਲਾਂ ਅਤੇ ਇਸ ਟਿੱਪਣੀਆਂ ਵਾਲੇ "ਵਿਦਿਆਰਥਿਆਂ ਨੂੰ ਇਸ ਸਕੂਲ ਨੂੰ ਜਦ ਤੱਕ ਅਲਾਟ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਉਹ ਇਸ ਨੂੰ ਆਪਣੀ ਪਸੰਦ ਵਿੱਚ ਸ਼ਾਮਲ ਨਹੀਂ ਕਰਦੇ" ਸਕੂਲਾਂ ਨੂੰ ਛੱਡ ਕੇ।

**(6) Q ਕੀ ਇਕ ਫੀਡਰ / ਨਾਮਜ਼ਦ ਪ੍ਰਾਇਮਰੀ ਸਕੂਲ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਫੀਡਰ / ਨਾਮਜ਼ਦ ਸੈਕੰਡਰੀ ਸਕੂਲ ਨਿਰਧਾਰਿਤ ਨਹੀਂ ਕੀਤਾ ਜਾਵੇਗਾ?**

**A** ਸੰਬੰਧਿਤ ਵਿਦਿਆਰਥੀ ਆਪਣੇ ਫੀਡਰ / ਨਾਮਜ਼ਦ ਸੈਕੰਡਰੀ ਸਕੂਲ ਵਿੱਚ ਸਥਾਨ ਦੇ ਰਾਖਵੇਂ ਲਈ ਕੇਵਲ ਤਾਂ ਹੀ ਯੋਗ ਹਨ ਜੇਕਰ ਉਹ ਨੈੱਟ ਬੈਂਡ 1 ਜਾਂ 2 ਵਿੱਚ ਹਨ ਅਤੇ ਉਨ੍ਹਾਂ ਨੇ CA ਦੇ ਭਾਗ B "ਸੀਮਿਤ ਸਕੂਲ ਚੋਣਾਂ" ਵਿੱਚ ਆਪਣੀ ਪਹਿਲੀ ਸਕੂਲ ਚੋਣ ਦੇ ਤੌਰ 'ਤੇ ਫ਼ੀਡਰ / ਨਾਮਜ਼ਦ ਸੈਕੰਡਰੀ ਸਕੂਲਾਂ ਨੂੰ ਚੁਣਿਆ ਹੈ। ਜੇਕਰ ਯੋਗ ਵਿਦਿਆਰਥੀਆਂ ਦੀ ਗਿਣਤੀ ਰਾਖਵੇਂ ਸਥਾਨਾਂ ਦੀ ਗਿਣਤੀ ਤੋਂ ਵੱਧ ਹੁੰਦੀ ਹੈ , ਤਾਂ ਵੰਡ ਦੇ ਲਈ ਪ੍ਰਾਥਮਿਕਤਾ ਦਾ ਕ੍ਰਮ ਵਿਦਿਆਰਥੀਆਂ ਦੇ 'ਨੈੱਟ ਬੈਂਡ' ਅਤੇ ਉਨ੍ਹਾਂ ਦੇ ਬੇਤਰਤੀਬ ਨੰਬਰਾਂ ਦੇ ਆਧਾਰ 'ਤੇ ਹੋਵੇਗਾ ਜਦੋਂ ਤੱਕ ਕਿ ਸਾਰੇ ਰਾਖਵੇਂ ਸਥਾਨ ਭਰ ਨਹੀਂ ਜਾਂਦੇ।

ਹਾਲਾਂਕਿ, ਅਜਿਹੇ ਮਾਮਲੇ ਵੀ ਹੋ ਸਕਦੇ ਹਨ ਜਦੋਂ ਵਿਦਿਆਰਥੀਆਂ ਨੂੰ ਫੀਡਰ/ਨਾਮਜ਼ਦ ਸੈਕੰਡਰੀ ਸਕੂਲ ਨਿਰਧਾਰਿਤ ਨਹੀਂ ਕੀਤੇ ਜਾਂਦੇ:

(a) ਵਿਦਿਆਰਥੀ ਨੈੱਟ ਬੈਂਡ ਦੀ ਮੰਗਾਂ ਨੂੰ ਪੂਰਾ ਨਹੀਂ ਕਰਦਾ।

(b) ਵਿਦਿਆਰਥੀ ਨੇ ਲੋੜੀਂਦੇ ਅਨੁਸਾਰ CA ਦੇ ਭਾਗ B "ਸੀਮਿਤ ਸਕੂਲ ਚੋਣਾਂ" ਵਿੱਚ ਆਪਣੀ ਪਹਿਲੀ ਸਕੂਲ ਦੀ ਚੋਣ ਨੂੰ ਫੀਡਰ/ਨਾਮਜ਼ਦ ਸੈਕੰਡਰੀ ਸਕੂਲ ਨਹੀਂ ਚੁਣਿਆ ਹੈ।

(c) ਯੋਗ ਫੀਡਰ / ਨਾਮਜ਼ਦ ਪ੍ਰਾਇਮਰੀ 6 ਵਿਦਿਆਰਥੀ ਸਕੂਲ ਦੇ ਰਾਖਵੇਂ ਸਥਾਨਾਂ ਨਾਲੋਂ ਵਧੇਰੇ ਹਨ;

(d) ਵਿਦਿਆਰਥੀ ਨੇ ਕਿਸੇ ਹੋਰ ਸੈਕੰਡਰੀ ਸਕੂਲ ਵਿੱਚ ਸਫਲਤਾਪੂਰਵਕ ਇੱਕ ਅਖਤਿਆਰੀ ਸਥਾਨ ਪ੍ਰਾਪਤ ਕੀਤਾ ਹੈ ਜਾਂ CA ਦੇ ਭਾਗ A "ਅਸੀਮਿਤ ਸਕੂਲ ਚੋਣਾਂ" ਵਿੱਚ ਇੱਕ ਸਕੂਲ ਦਾ ਸਥਾਨ ਦੀ ਨਿਰਧਾਰਿਤ ਕੀਤੀ ਗਿਆ ਹੈ; ਜਾਂ

(e) ਵਿਦਿਆਰਥੀ ਨੂੰ ਕਰਾਸ-ਨੈੱਟ ਵੰਡ ਲਈ ਮਨਜ਼ੂਰੀ ਦਿੱਤੀ ਗਈ ਹੈ।

**(7) Q SSPA ਪ੍ਰਣਾਲੀ ਵਿੱਚ ਭਾਗ ਲੈਣ ਵਾਲੇ ਡਾਇਰੈਕਟ ਸਬਸਿਡੀ ਸਕੀਮ (DSS) ਸੈਕੰਡਰੀ ਸਕੂਲਾਂ ਅਤੇ ਸਰਕਾਰੀ, ਸਹਾਇਤਾ ਪ੍ਰਾਪਤ ਅਤੇ ਕੈਪੂਟ ਸੈਕੰਡਰੀ ਸਕੂਲਾਂ ਦੀਆਂ ਵੰਡ ਵਿਵਸਥਾਵਾਂ ਵਿਚਕਾਰ ਕੀ ਅੰਤਰ ਹਨ?**

**A** ਭਾਗ ਲੈਣ ਵਾਲੇ DSS ਸੈਕੰਡਰੀ ਸਕੂਲਾਂ ਅਤੇ ਸਰਕਾਰੀ, ਸਹਾਇਤਾ ਪ੍ਰਾਪਤ ਅਤੇ ਕੈਪਟ ਸੈਕੰਡਰੀ ਸਕੂਲਾਂ ਲਈ ਵੰਡ ਦੇ ਪ੍ਰਬੰਧ ਮੂਲ ਰੂਪ ਵਿੱਚ ਇੱਕੋ ਜਿਹੇ ਹਨ ਸਿਵਾਏ ਇਸਦੇ ਕਿ ਭਾਗ ਲੈਣ ਵਾਲੇ DSS ਸੈਕੰਡਰੀ ਸਕੂਲ DP ਵਜੋਂ S1 ਸਥਾਨਾਂ ਨੂੰ 30% ਤੋਂ ਵੱਧ ਰਾਖਵੇਂ ਰੱਖ ਸਕਦੇ ਹਨ।। "ਅਸੀਮਿਤ ਸਕੂਲ ਚੋਣਾਂ" ਦੇ ਭਾਗ A ਦੇ ਤਹਿਤ ਸਕੂਲਾਂ ਨੂੰ CA ਲਈ ਸਕੂਲ ਦੇ ਸਥਾਨਾਂ ਦਾ 10% ਰਾਖਵਾਂ ਰੱਖਣਾ ਜ਼ਰੂਰੀ ਹੈ। ਇਸ ਤੋਂ ਇਲਾਵਾ, ਭਾਗ ਲੈਣ ਵਾਲੇ DSS ਸੈਕੰਡਰੀ ਸਕੂਲ ਦੇ S1 ਸਥਾਨ CA ਦੇ ਭਾਗ B ਵਿੱਚ "ਸੀਮਿਤ ਸਕੂਲ ਚੋਣਾਂ" ਵਿੱਚ "ਕੋਈ ਚੋਣ ਨਹੀਂ ਕੋਈ ਵੰਡ ਨਹੀਂ" ਸਿਧਾਂਤ 'ਤੇ ਨਿਰਧਾਰਿਤ ਕੀਤੇ ਜਾਂਦੇ ਹਨ। ਦੂਸਰੇ ਸ਼ਬਦਾਂ ਵਿੱਚ, ਵਿਦਿਆਰਥੀ ਨੂੰ ਉਦੋਂ ਤੱਕ ਭਾਗ ਲੈ ਰਹੇ DSS ਸਕੂਲ ਦੀ ਵੰਡ ਨਹੀਂ ਕੀਤੀ ਜਾਵੇਗੀ ਜਦੋਂ ਤੱਕ ਉਸਨੇ CA ਦੇ ਭਾਗ B ਵਿੱਚ ਉਸ ਸਕੂਲ ਦੀ ਚੋਣ ਨਹੀਂ ਕੀਤੀ ਹੋਵੇਗੀ।

**(8) Q ਵੰਡ ਦੇ ਨਤੀਜਿਆਂ ਬਾਰੇ ਮਾਪਿਆਂ ਨੂੰ ਕਿੱਥੇ ਪੁੱਛ-ਗਿੱਛ ਕਰਨੀ ਚਾਹੀਦੀ ਹੈ?**

**A** ਮਾਪੇ EDB ਦੇ SPA ਸੈਕਸ਼ਨ ਨਾਲ ਦਫਤਰੀ ਸਮੇਂ ਦੌਂਰਾਨ (ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8:30 ਵਜੇ ਤੋਂ ਦੁਪਹਿਰ 1:00 ਵਜੇ ਤੱਕ ਅਤੇ ਦੁਪਹਿਰ 2:00 ਵਜੇ ਤੋਂ ਸ਼ਾਮ 6:00 ਵਜੇ ਤੱਕ; ਸ਼ਨੀਵਾਰ, ਐਤਵਾਰ ਅਤੇ ਜਨਤਕ ਛੁੱਟੀ ਤੇ ਬੰਦ ਹੁੰਦਾ ਹੈ) Podium Floor, West Block, Education Bureau Kowloon Tong Education Services Centre, 19 Suffolk Road, Kowloon Tong, Kowloon 'ਤੇ ਸੰਪਰਕ ਕਰ ਸਕਦੇ ਹਨ। SPA ਸੈਕਸ਼ਨ ਦੇ ਟੈਲੀਫੋਨ ਨੰਬਰ 2832 7740 ਜਾਂ 2832 7700 ਹਨ। SSPA ਪ੍ਰਣਾਲੀ ਬਾਰੇ ਸਧਾਰਨ ਜਾਣਕਾਰੀ ਲਈ, ਕ੍ਰਿਪਾ ਕਰਕੇ ਜਾਣਕਾਰੀ ਵਾਲੇ ਪਰਚੇ ਅਤੇ ਇਸ ਹੋਮਪੇਜ਼ 'ਤੇ ਅੱਪਲੋਡ ਕੀਤੀ ਵੀਡਿਉਜ਼ ਦੇਖੋ।

ਸਕੂਲ ਦੇ ਸਥਾਨਾਂ ਦਾ ਵੰਡ ਸੈਕਸ਼ਨ

ਸਿੱਖਿਆ ਬਿਊਰੋ

ਜੁਲਾਈ 2024